Alberta **ਨਿਊਜ਼** ਰਿਲੀਜ਼

# ਸੜਕ ਕਿਨਾਰੇ ਕੰਮ ਕਰਦੇ ਕਰਮਚਾਰੀਆਂ ਦੀ ਸੁਰੱਖਿਆ ਨੂੰ ਤਰਜੀਹ ਦੇਣਾ

08 ਅਗਸਤ, 2023

## ਅਲਬਰਟਾ ਦੀ ਸਰਕਾਰ ਸਾਰੇ ਸੜਕ ਕਿਨਾਰੇ ਕੰਮ ਕਰਦੇ ਕਰਮਚਾਰੀਆਂ ਦੀ ਸੁਰੱਖਿਆ ਵਿੱਚ ਮਦਦ ਕਰਨ ਲਈ ਨਿਯਮਾਂ ਨੂੰ ਮਜ਼ਬੂਤ ਕਰ ਰਹੀ ਹੈ।

ਸਾਰੇ ਅਲਬਰਟਾ ਵਾਸੀਆਂ - ਕਰਮਚਾਰੀਆਂ ਅਤੇ ਡਰਾਈਵਰਾਂ ਨੂੰ - ਸੜਕ 'ਤੇ ਸੁਰੱਖਿਅਤ ਰੱਖਣਾ ਇੱਕ ਤਰਜੀਹ ਹੈ। ਅਲਬਰਟਾ ਉਹਨਾਂ ਸਿਰਫ ਦੋ ਸੂਬਿਆਂ ਵਿੱਚੋਂ ਇੱਕ ਰਿਹਾ ਹੈ, ਜਿੱਥੇ ਜਗ੍ਹਾ ਦੇਣ ਦਾ ਕਾਨੂੰਨ ਨਹੀਂ ਹੈ, ਪਰ ਅਲਬਰਟਾ ਦੀ ਸਰਕਾਰ ਨੇ ਇਸਨੂੰ ਬਦਲ ਦਿੱਤਾ ਹੈ।

ਸਾਰੇ ਸੜਕ ਕਿਨਾਰੇ ਕੰਮ ਕਰਦੇ ਕਰਮਚਾਰੀਆਂ ਦੀ ਸੁਰੱਖਿਆ ਵਧਾਉਣ ਲਈ, 1 ਸਤੰਬਰ ਤੋਂ ਸ਼ੁਰੂ ਕਰਦੇ ਹੋਏ, ਸੜਕ ਕਿਨਾਰੇ ਕੰਮ ਕਰਨ ਵਾਲੇ ਕਰਮਚਾਰੀਆਂ ਦੇ ਕਿਸੇ ਵੀ ਵਾਹਨ ਜੋ ਸੜਕ ਦੇ ਪਾਸੇ ਰੁਕਿਆ ਹੋਇਆ ਹੈ ਅਤੇ ਜਿਸਦੀਆਂ ਲਾਈਟਾਂ ਚਮਕ ਰਹੀਆਂ ਹਨ, ਦੇ ਸਭ ਤੋਂ ਨੇੜੇ ਦੀ ਲੇਨ ਵਿਚਲੇ ਡਰਾਈਵਰਾਂ ਨੂੰ ਲਾਜ਼ਮੀ ਤੌਰ 'ਤੇ 60 ਕਿਲੋਮੀਟਰ ਪ੍ਰਤੀ ਘੰਟਾ ਜਾਂ ਪੋਸਟ ਕੀਤੀ ਗਈ ਗਤੀ ਸੀਮਾ, ਜੋ ਵੀ ਘੱਟ ਹੋਵੇ, 'ਤੇ ਹੌਲੀ ਹੋ ਜਾਣਾ ਚਾਹੀਦਾ ਹੈ। ਡਰਾਈਵਰਾਂ ਨੂੰ ਦੂਰ ਵਾਲੀ ਲੇਨ ਵਿੱਚ ਵੀ ਚਲੇ ਜਾਣਾ ਚਾਹੀਦਾ ਹੈ, ਜੇ ਅਜਿਹਾ ਕਰਨਾ ਸੁਰੱਖਿਅਤ ਹੈ, ਅਤੇ ਦੂਜੇ ਡਰਾਈਵਰਾਂ ਨੂੰ ਵੀ ਪਾਸੇ ਹੋਣ ਦੀ ਇਜਾਜ਼ਤ ਦੇਣ ਲਈ ਉਚਿਤ ਕਦਮ ਚੁੱਕਣੇ ਚਾਹੀਦੇ ਹਨ।

ਵਰਤਮਾਨ ਵਿੱਚ, *ਟ੍ਰੈਫਿਕ ਸੇਫਟੀ ਐਕਟ* ਦੇ ਤਹਿਤ ਸਿਰਫ ਟੋਅ ਟਰੱਕ ਡਰਾਈਵਰਾਂ ਅਤੇ ਫਰਸਟ ਰਿਸਪੋਂਡਰਾਂ ਨੂੰ ਸੁਰੱਖਿਆ ਦਿੱਤੀ ਜਾਂਦੀ ਹੈ, ਪਰ ਹੁਣ ਸੜਕ ਦੇ ਕਿਨਾਰੇ ਰੁਕੇ ਸਾਰੇ ਕਰਮਚਾਰੀ, ਜਿਨ੍ਹਾਂ ਦੀਆਂ ਲਾਈਟਾਂ ਚਕਮ ਰਹੀਆਂ ਹੋਣ ਨਾਲ, ਇਹਨਾਂ ਸੁਰੱਖਿਆਵਾਂ ਦੇ ਤਹਿਤ ਆਉਣਗੇ।

ਸੜਕ ਕਿਨਾਰੇ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਸੁਰੱਖਿਆ ਬਾਰੇ ਨਵੇਂ ਨਿਯਮ, ਸੜਕ ਕਿਨਾਰੇ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ 'ਤੇ ਲਾਗੂ ਹੋਣਗੇ, ਜਿਨ੍ਹਾਂ ਵਿੱਚ ਫਰਸਟ ਰਿਸਪੋਂਡਰ, ਟੋਅ ਟਰੱਕ ਆਪਰੇਟਰ, ਹਾਈਵੇਅ ਮੇਨਟੇਨੈਂਸ ਵਰਕਰ ਅਤੇ ਬਰਫ਼ ਹਟਾਉਣ ਵਾਲੀਆਂ ਗੱਡੀਆਂ ਦੇ ਆਪਰੇਟਰ ਸ਼ਾਮਲ ਹਨ।

ਸੜਕ ਕਿਨਾਰੇ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ ਲਈ ਹੌਲੀ ਹੋਣਾ ਅਤੇ ਪਾਸੇ ਹੋਣਾ ਹਰ ਕਿਸੇ ਨੂੰ ਸੁਰੱਖਿਅਤ ਰੱਖੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਆਵਾਜਾਈ ਕੁਸ਼ਲਤਾ ਨਾਲ ਚੱਲਦੀ ਰਹੇ। ਇਹਨਾਂ ਤਬਦੀਲੀਆਂ ਨੂੰ ਲਾਗੂ ਕਰਨ ਵਿੱਚ ਮਦਦ ਕਰਨ ਲਈ, ਸੜਕ ਕਿਨਾਰੇ ਕੰਮ ਕਰਨ ਵਾਲੇ ਕਰਮਚਾਰੀਆਂ ਅਤੇ ਬਰਫ਼ ਹਟਾਉਣ ਵਾਲੀਆਂ ਗੱਡੀਆਂ ਕੋਲੋਂ ਲੰਘਣ ਵੇਲੇ ਅਸੁਰੱਖਿਅਤ ਵਿਵਹਾਰ ਲਈ ਜੁਰਮਾਨੇ ਅਤੇ ਦੋਸ਼ ਲਾਗੂ ਕੀਤੇ ਜਾਣਗੇ।

# ਫੌਰੀ ਤੱਥ

- ਅਲਬਰਟਾ ਦੇ ਵਰਕਰਜ਼ ਕੰਪਨਸੇਸ਼ਨ ਬੋਰਡ (WCB) ਦੇ ਅਨੁਸਾਰ, 2014 ਅਤੇ 2018 ਦੇ ਵਿਚਕਾਰ ਇੱਕ ਵਾਹਨ ਦੁਆਰਾ ਟਕਰਾਉਣ ਕਰਕੇ ਕਰਮਚਾਰੀਆਂ ਨੂੰ 2,229 ਸੱਟਾਂ ਲੱਗੀਆਂ ਸਨ।
- ਮਾਰਚ 2018 ਅਤੇ ਮਾਰਚ 2021 ਦੇ ਵਿਚਕਾਰ, ਟ੍ਰਾਂਸਪੋਰਟੇਸ਼ਨ ਐਂਡ ਇਕੋਨੋਮਿਕ ਕੋਰੀਡਿਰਸ ਦੁਆਰਾ ਠੇਕੇ 'ਤੇ ਰੱਖੀਆਂ ਬਰਫ ਹਟਾਉਣ ਵਾਲੀਆਂ ਗੱਡੀਆਂ ਦੀ ਸ਼ਮੂਲੀਅਤ ਵਾਲੀਆਂ ਲਗਭਗ 130 ਟੱਕਰਾਂ ਹੋਈਆਂ ਸਨ।
- 2022-23 ਦੀਆਂ ਸਰਦੀਆਂ ਦੌਰਾਨ, ਸਰਕਾਰ ਦੁਆਰਾ ਠੇਕੇ 'ਤੇ ਰੱਖੀਆਂ ਬਰਫ਼ ਹਟਾਉਣ ਵਾਲੀਆਂ ਗੱਡੀਆਂ ਦੀ ਸ਼ਮੂਲੀਅਤ ਵਾਲੀਆਂ 37 ਟੱਕਰਾਂ ਹੋਈਆਂ ਸਨ।
- ਇਹਨਾਂ ਨਿਯਮਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਜੁਰਮਾਨਾ ਅਤੇ ਤਿੰਨ ਡੀਮੈਰਿਟ ਪੁਆਇੰਟ ਮਿਲ ਸਕਦੇ ਹਨ:
  - ਸੜਕ ਕਿਨਾਰੇ ਰੁਕੇ ਕਰਮਚਾਰੀਆਂ ਕੋਲੋਂ ਲੰਘਣ ਵੇਲੇ ਵੱਧ ਤੋਂ ਵੱਧ ਗਤੀ ਸੀਮਾ ਤੱਕ ਹੌਲੀ ਹੋਣ ਵਿੱਚ ਅਸਫਲ ਰਹਿਣ ਲਈ $243 ਅਤੇ ਤਿੰਨ ਡੀਮੈਰਿਟ ਪੁਆਇੰਟ।
  - ਹੋਰ ਡਰਾਈਵਰਾਂ ਨੂੰ ਰੁਕੇ ਹੋਏ ਐਮਰਜੈਂਸੀ ਵਾਹਨ, ਟੋਅ ਟਰੱਕ ਜਾਂ ਸੜਕ ਕਿਨਾਰੇ ਕੰਮ ਕਰਨ ਵਾਲੇ ਵਾਹਨ ਤੋਂ ਦੂਰ ਵਾਲੀ ਟ੍ਰੈਫਿਕ ਲੇਨ ਵਿੱਚ ਜਾਣ ਦੀ ਆਗਿਆ ਦੇਣ ਵਿੱਚ ਅਸਫਲ ਰਹਿਣ ਲਈ $243 ਦਾ ਜੁਰਮਾਨਾ ਅਤੇ ਤਿੰਨ ਡੀਮੈਰਿਟ ਪੁਆਇੰਟ।
  - ਬਰਫ਼ ਹਟਾਉਣ ਵਾਲੀਆਂ ਗੱਡੀਆਂ ਕੋਲੋਂ ਅਸੁਰੱਖਿਅਤ ਤਰੀਕੇ ਨਾਲ ਲੰਘਣ ਲਈ $324 ਦਾ ਜੁਰਮਾਨਾ ਅਤੇ ਤਿੰਨ ਡੀਮੈਰਿਟ ਪੁਆਇੰਟ।

# ਸੰਬੰਧਿਤ ਜਾਣਕਾਰੀ

- ਸੜਕ ਕਿਨਾਰੇ ਕੰਮ ਕਰਦੇ ਕਰਮਚਾਰੀਆਂ ਦੀ ਸੁਰੱਖਿਆ

# ਸਬੰਧਿਤ ਖ਼ਬਰਾਂ

- ਸੜਕ ਕਿਨਾਰੇ ਕੰਮ ਕਰਦੇ ਕਰਮਚਾਰੀ ਦੀ ਸੁਰੱਖਿਆ ਲਾਗੂਕਰਨ (1 ਮਾਰਚ, 2023)
- ਸੜਕ ਕਿਨਾਰੇ ਕੰਮ ਕਰਦੇ ਕਰਮਚਾਰੀਆਂ ਲਈ ਸੁਰੱਖਿਆ ਵਿੱਚ ਸੁਧਾਰ (16 ਮਾਰਚ, 2022)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ